11page7.qxd 3/10/2025 10:38 PM Page 1

ਸ.ਫ਼ਾ 1 ਦੀਆਂ ਬਾਕੀਆਂ

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ

ਬਖ਼ਸ਼ਣ 'ਤੇ ਦਸਾਂ ਪਾਤਸ਼ਾਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਵੱਡੇ ਭਾਗ ਹਨ ਕਿ ਇਕ ਸਾਧਾਰਨ ਸਿੱਖ ਪ੍ਰਵਾਰ ਵਿਚ ਪੈਦਾ ਹੋ ਕੇ ਉਨ੍ਹਾਂ ਨੂੰ ਇੰਨੀ ਵੱਡੀ ਸੇਵਾ ਮਿਲੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਪਣਾ ਜੀਵਨ ਪਾਠੀ ਸਿੰਘ ਵਜੋਂ ਸ਼ੁਰੂ ਕਰ ਕੇ ਫਿਰ ਧਰਮ ਪ੍ਰਚਾਰ ਦੀ ਸੇਵਾ ਨੂੰ ਚੁਣਿਆ ਸੀ ਤੇ ਗੁਰੂ ਪੰਥ ਦੀ ਸੇਵਾ ਦੇ ਵਿਚ ਇਕ ਪ੍ਰਚਾਰਕ ਵਜੋਂ ਹੀ ਵਿਚਰਦੇ ਰਹਿਣਗੇ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਸਬੰਧ ਵਿਚ 2 ਦਸੰਬਰ ਨੂੰ ਜਥੇਦਾਰਾਂ ਵਲੋਂ ਲਏ ਫ਼ੈਸਲੇ ਬਾਰੇ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਿ ਦੀ ਰੋਸ਼ਨੀ ਵਿਚ ਨਿਕਲੇ ਹੁਕਮਨਾਮਿਆਂ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ ਅਤੇ ਇਹੀ ਗੱਲ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮਿਆਂ 'ਤੇ ਇਨ ਬਿਨ ਲਾਗੂ ਹੁੰਦੀ ਹੈ। ਸਬੰਧਤ ਧਿਰਾਂ ਨੂੰ ਤਾਕੀਦ ਕੀਤੀ ਜਾਂਦੀ ਹੈ ਕਿ ਉਹ ਇਸ ਸਬੰਧ ਵਿਚ ਇਕ ਦੂਜੇ ਪ੍ਰਤੀ ਕੁੜੱਤਣ ਭਰੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ 2 ਦਸੰਬਰ ਦੇ ਫ਼ੈਸਲਿਆਂ ਵਿਚ ਇਕ ਅਹਿਮ ਫ਼ੈਸਲਾ ਪੰਥਕ ਏਕਤਾ ਦਾ ਵੀ ਕੀਤਾ ਗਿਆ ਸੀ ਜਿਸ ਸਬੰਧ ਵਿਚ ਦੋਵਾਂ ਧਿਰਾਂ ਵਲੋਂ ਹੁਣ ਤਕ ਕੋਈ ਉਦਮ ਨਹੀਂ ਕੀਤਾ ਗਿਆ। ਇਸ ਫ਼ੈਸਲੇ ਨੂੰ ਲਾਗੂ ਕਰਾਉਣ ਲਈ ਵੀ ਸਬੰਧਤ ਧਿਰਾਂ ਦੇ ਦਾਅਵਿਆਂ ਦੀ ਮੁੜ ਨਜ਼ਰਸਾਨੀ ਕੀਤੀ ਜਾਵੇਗੀ। ਉਨ੍ਹਾਂ ਪਤਿਤ ਨੌਜਵਾਨਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਖ਼ਾਸ ਮੌਕੇ ਉਤੇ ਸਿਰਾਂ 'ਤੇ ਰੁਮਾਲ ਆਦਿ ਬੰਨ੍ਹਣ ਦੀ ਥਾਂ ਦਸਤਾਰਾਂ ਸਜਾ ਕੇ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਰਾਹ ਤੁਰਨ। ਗਿਆਨੀ ਕੁਲਦੀਪ ਸਿੰਘ ਨੇ ਸਮੂਹ ਜਥੇਬੰਦੀਆਂ, ਦਲ ਪੰਥ, ਟਕਸਾਲਾਂ ਤੇ ਸਿੱਖ ਆਗੂਆਂ ਤੋਂ ਸਹਿਯੋਗ ਦੀ ਆਸ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਚੀਫ਼ ਗੁਰਦੁਆਰਾ ਇੰਸਪੈਕਟਰ ਜਗਦੀਸ਼ ਸਿੰਘ ਬੁੱਟਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਵਧੀਕ ਮੈਨੇਜਰ ਹਰਦੇਵ ਸਿੰਘ ਆਦਿ ਮੌਜੂਦ ਸਨ।

3 ਵਜੇ ਸੁਵੱਖਤੇ ਹੀ ਸ਼੍ਰੋਮਣੀ ਕਮੇਟੀ ਦੇ ਕੁੱਝ ਅਧਿਕਾਰੀਆਂ ਨੇ ਕਰਵਾ ਦਿਤੀ ਦਸਤਾਰਬੰਦੀ

ਕਵਾੜ ਖੁਲ੍ਹਣ ਦਾ ਸਮਾਂ 4.30 ਵਜੇ ਰਖਿਆ ਗਿਆ ਸੀ ਪ੍ਰੰਤੂ ਪੰਥ ਦਾ ਵਿਰੋਧ ਹੁੰਦਾ ਵੇਖ ਕੇ ਤੜਕੇ ਸਵੇਰੇ ਹੀ 2:50 ਵਜੇ ਦੋ ਮੁਲਾਜ਼ਮਾਂ ਵਲੋਂ ਦਸਤਾਰਬੰਦੀ ਕਰ ਦਿਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਗ਼ੈਰ ਹਾਜ਼ਰੀ ਵਿਚ ਸੀਨੀਅਰ ਉਪ ਪ੍ਰਧਾਨ ਤੋਂ ਇਲਾਵਾ ਦਰਬਾਰ ਸਾਹਿਬ ਤੋਂ ਹੈੱਡ ਗ੍ਰੰਥੀ ਵੀ ਨਹੀਂ ਆਏ। ਮਰਿਆਦਾ ਅਨੁਸਾਰ ਜਥੇਦਾਰ ਦੇ ਸੇਵਾ ਸੰਭਾਲ ਮੌਕੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵਲੋਂ ਸੱਭ ਤੋਂ ਪਹਿਲਾਂ ਦਸਤਾਰ ਦਿਤੀ ਜਾਂਦੀ ਹੈ। ਇਸ ਮੌਕੇ ਪੰਥਕ ਸਿੱਖ ਸੰਪਰਦਾਵਾਂ ਅਤੇ ਨਿਹੰਗ ਜਥੇਬੰਦੀਆਂ ਤੇ ਹੋਰ ਸਿੱਖ ਜਥੇਬੰਦੀਆਂ ਦਾ ਕੋਈ ਨੁਮਾਇੰਦਾ ਨਜ਼ਰ ਨਹੀਂ ਆਇਆ।

ਈ.ਡੀ. ਨੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਦੇ ਘਰ ਮਾਰਿਆ ਛਾਪਾ

ਘਪਲੇ ਦੇ ਸਬੰਧ ਵਿਚ ਮਾਰਿਆ ਗਿਆ ਸੀ। ਭਿਲਾਈ ਵਿਚ ਚੈਤਨਿਆ ਬਘੇਲ ਦੇ ਅਹਾਤੇ ਦੇ ਨਾਲ-ਨਾਲ ਰਾਜ ਦੇ ਕਈ ਹੋਰ ਵਿਅਕਤੀਆਂ ਨਾਲ ਜੁੜੇ ਅਹਾਤਿਆਂ 'ਤੇ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐਮ.ਐਲ.ਏ.) ਦੇ ਤਹਿਤ ਛਾਪੇਮਾਰੀ ਕੀਤੀ ਗਈ। ਕਿਹਾ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਨੇ ਸਵੇਰੇ-ਸਵੇਰੇ ਭੂਪੇਸ਼ ਬਘੇਲ ਦੇ ਘਰ ਛਾਪਾ ਮਾਰਿਆ। ਇਸ ਸਬੰਧੀ ਭੂਪੇਸ਼ ਬਘੇਲ ਦੇ ਦਫ਼ਤਰ ਨੇ ਟਵੀਟ ਕੀਤਾ, "ਸੱਤ ਸਾਲਾਂ ਤੋਂ ਚੱਲ ਰਿਹਾ ਝੂਠਾ ਮਾਮਲਾ ਅਦਾਲਤ ਵਿਚ ਖ਼ਾਰਜ ਹੋ ਗਿਆ ਪਰ ਅੱਜ ਈ.ਡੀ. ਦੇ ਮਹਿਮਾਨ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਦੇ ਭਿਲਾਈ ਨਿਵਾਸ ਵਿਚ ਦਾਖ਼ਲ ਹੋ ਗਏ ਹਨ। ਕੋਈ ਇਸ ਸਾਜ਼ਸ਼ ਰਾਹੀਂ ਪੰਜਾਬ ਵਿਚ ਕਾਂਗਰਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਇਹ ਇਕ ਗ਼ਲਤਫ਼ਹਿਮੀ ਹੈ।" ਈ.ਡੀ. ਨੇ ਦਾਅਵਾ ਕੀਤਾ ਹੈ ਕਿ ਛੱਤੀਸਗੜ੍ਹ ਸ਼ਰਾਬ ਘਪਲੇ ਨੇ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ ਜਦਕਿ ਸ਼ਰਾਬ ਸਿੰਡੀਕੇਟ ਨੇ ਕਥਿਤ ਤੌਰ 'ਤੇ ਅਪਰਾਧ ਦੀ ਕਮਾਈ ਵਜੋਂ 2100 ਕਰੋੜ ਰੁਪਏ ਤੋਂ ਵੱਧ ਦਾ ਘਪਲਾ ਕੀਤਾ ਹੈ। ਇਸ ਮਾਮਲੇ ਦੇ ਸਬੰਧ ਵਿਚ ਰਾਜ ਸਰਕਾਰ ਦੇ ਅਧਿਕਾਰੀਆਂ ਅਤੇ ਕਾਰੋਬਾਰੀਆਂ ਸਮੇਤ ਕਈ ਵਿਅਕਤੀਆਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਈ.ਡੀ. ਨੇ ਅਪਣੀ ਜਾਂਚ ਵਿਚ ਪਾਇਆ ਕਿ ਇਹ ਘਪਲਾ ਉਸ ਸਮੇਂ ਦੀ ਭੂਪੇਸ਼ ਸਰਕਾਰ ਦੇ ਕਾਰਜਕਾਲ ਦੌਰਾਨ ਆਈ.ਏ.ਐਸ. ਅਧਿਕਾਰੀ ਅਨਿਲ ਟੁਟੇਜਾ, ਆਬਕਾਰੀ ਵਿਭਾਗ ਦੇ ਐਮਡੀ ਏਪੀ ਤ੍ਰਿਪਾਠੀ ਅਤੇ ਕਾਰੋਬਾਰੀ ਅਨਵਰ ਢੇਬਰ ਦੇ ਇਕ ਸਿੰਡੀਕੇਟ ਰਾਹੀਂ ਕੀਤਾ ਗਿਆ ਸੀ। ਭੂਪੇਸ਼ ਬਘੇਲ ਦੇ ਘਰ ਈ.ਡੀ. ਦੀ ਛਾਪੇਮਾਰੀ ਦੇ ਵਿਰੋਧ 'ਚ ਜਲੰਧਰ ਦੇ ਵਿਧਾਇਕ ਪ੍ਰਗਟ ਸਿੰਘ ਦਾ ਵੀ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ, 'ਭਾਜਪਾ ਸੋਚਦੀ ਹੈ ਕਿ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਉਹ ਕਾਂਗਰਸ ਨੂੰ ਡਰਾ ਸਕਦੀ ਹੈ। ਉਨ੍ਹਾਂ ਕਿਹਾ ਕਿ ਨਾ ਕਾਂਗਰਸ ਦੇ ਲੀਡਰ ਝੁਕਣਗੇ, ਨਾ ਹੀ ਭਾਜਪਾ ਪੰਜਾਬ ਵਿਚ ਕਾਂਗਰਸ ਨੂੰ ਰੋਕ ਸਕੇਗੀ। **(ਏਜੰਸੀ)**

ਕਿਸਾਨਾਂ ਨੇ ਪੰਜਾਬ ਵਿਚ ਮੰਤਰੀਆਂ ਅਤੇ 'ਆਪ' ਵਿਧਾਇਕਾਂ ਦੇ ਘਰਾਂ ਅੱਗੇ ਦਿਤੇ ਧਰਨੇ

ਵੱਖ ਵੱਖ ਥਾਵਾਂ 'ਤੇ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਨੇ ਭਗਵੰਤ ਮਾਨ ਵਲੋਂ ਕਿਸਾਨ ਅੰਦੋਲਨ ਦੀਆਂ ਮੰਗਾਂ ਦਾ ਪੰਜਾਬ ਨਾਲ ਕੋਈ ਸਬੰਧ ਨਹੀਂ ਅਤੇ ਸੜਕਾਂ ਰੇਲਾਂ ਜਾਮ ਕਰ ਕੇ ਕਿਸਾਨ ਅੰਦੋਲਨਕਾਰੀ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ, ਵਰਗੇ ਬਿਰਤਾਂਤ ਨੂੰ ਰੱਦ ਕਰਦੇ ਹੋਏ ਕਿਹਾ ਕਿ ਮਾਨ ਨੂੰ ਇਸ ਬਾਰੇ ਖੁਲ੍ਹੀ ਡਿਬੇਟ ਕਰਨ ਦੀ ਚੁਣੌਤੀ ਦਿਤੀ। ਬੁਲਾਰਿਆਂ ਨੇ ਅਮਰੀਕਾ ਅਤੇ ਯੂਰਪੀ ਯੂਨੀਅਨ ਵਲੋਂ ਭਾਰਤ ਦੇ ਖੇਤੀ ਖੇਤਰ ਅਤੇ ਅਨਾਜ ਤੇ ਕੰਟਰੋਲ ਕਰਨ ਦੇ ਉਦੇਸ਼ ਨਾਲ ਮੁਕਤ ਵਪਾਰ ਸਮਝੌਤਿਆਂ ਲਈ ਭਾਰਤ ਸਰਕਾਰ ਤੇ ਪਾਏ ਜਾ ਰਹੇ ਦਬਾਅ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਿਸਾਨ ਲਹਿਰ ਵਿਰੁਧ ਵਿੱਢਿਆ ਹਮਲਾ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਚੁਕਿਆ ਗਿਆ ਕਦਮ ਹੈ। ਕਿਸਾਨ ਜਥੇਬੰਦੀਆਂ ਦੁਆਰਾ ਪੰਜਾਬ ਦੇ ਵਾਤਾਵਰਣ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਚਾਉਣ ਲਈ ਕਿਸਾਨ ਤੇ ਵਾਤਾਵਰਣ ਪੱਖੀ ਹੰਢਣਸਾਰ ਖੇਤੀ ਨੀਤੀ ਸਬੰਧੀ ਦਿਤੇ ਗਏ ਸੁਝਾਵਾਂ ਸਮੇਤ ਪੰਜਾਬ ਸਰਕਾਰ ਵਲੋਂ ਜਾਰੀ ਖੇਤੀ ਨੀਤੀ ਦੇ ਖਰੜੇ ਨੂੰ ਬਾਕਾਇਦਾ ਖੇਤੀ ਨੀਤੀ ਬਣਾ ਕੇ ਤੁਰਤ ਲਾਗੂ ਕੀਤਾ ਜਾਵੇ। ਜੱਦੀ ਪੁਸ਼ਤੀ ਕਾਸ਼ਤਕਾਰ ਮੁਜ਼ਾਹਰੇ ਤੇ ਆਬਾਦਕਾਰ ਕਿਸਾਨਾਂ ਨੂੰ ਕਾਬਜ਼ ਜ਼ਮੀਨਾਂ ਤੋਂ ਬੇਦਖ਼ਲ ਕਰਨ ਦੀ ਨੀਤੀ ਬੰਦ ਕਰ ਕੇ ਉਨ੍ਹਾਂ ਨੂੰ ਪੱਕੇ ਮਾਲਕੀ ਹੱਕ ਦਿਤੇ ਜਾਣ। ਪੰਜਾਬ ਕਾਮਨਲੈਂਡ ਐਕਟ 'ਚ ਸੋਧ ਕਰ ਕੇ ਕਟ-ਆਫ਼ ਡੇਟ 26 ਜਨਵਰੀ 1950 ਦੀ ਥਾਂ ਪਹਿਲੀ ਨਵੰਬਰ 1961 ਕੀਤੀ ਜਾਵੇ। ਪੰਚਾਇਤੀ, ਨਜ਼ੂਲ ਤੇ ਹੋਰ ਸਾਂਝੀਆਂ ਜ਼ਮੀਨਾਂ ਵਿਚ ਮਕਾਨ ਬਣਾ ਕੇ ਰਹਿ ਰਹੇ ਕਿਸਾਨਾਂ, ਮਜ਼ਦੂਰਾਂ ਸਮੇਤ ਹੋਰ ਗ਼ਰੀਬਾਂ ਨੂੰ ਇਨ੍ਹਾਂ ਘਰਾਂ ਦੇ ਮਾਲਕੀ ਹੱਕ ਤੁਰਤ ਦਿਤੇ ਜਾਣ। ਮੁਸ਼ਤਰਕਾ, ਭੰਡਾ, ਜੁਮਲਾ-ਮਾਲਕਨ ਤੇ ਪਨਾਹੀ-ਕਦੀਮ ਜ਼ਮੀਨਾਂ ਨੂੰ ਹਥਿਆਉਣ ਖ਼ਾਤਰ ਵਿਧਾਨ ਸਭਾ 'ਚ ਪੰਜਾਬ ਕਾਮਨਲੈਂਡ ਐਕਟ 'ਚ ਪਾਸ ਕੀਤੀ ਗਈ ਸੋਧ ਰੱਦ ਕੀਤੀ ਜਾਵੇ। ਆਬਾਦਕਾਰ ਕਿਸਾਨਾਂ ਦੀਆਂ ਗਿਰਦਾਵਰੀਆਂ ਬਹਾਲ ਕਰ ਕੇ ਬੈਂਕ ਕਰਜ਼ਾ-ਲਿਮਟ, ਮੋਟਰ ਕੁਨੈਕਸ਼ਨ ਅਤੇ ਸਬਸਿਡੀ ਆਦਿ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ। ਕਰਜ਼ੇ ਮੋੜਨ ਤੋਂ ਅਸਮਰੱਥ ਕਿਸਾਨਾਂ ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ ਲਈ ਕੇਂਦਰੀ ਅਤੇ ਸੂਬਾਈ ਸਰਕਾਰਾਂ ਵਲੋਂ ਆਪਸੀ ਤਾਲਮੇਲ ਬਿਠਾ ਕੇ ਕਰਜ਼ਾ ਨਿਬੇੜੂ ਕਾਨੂੰਨ ਪਾਸ ਕੀਤਾ ਜਾਵੇ। ਪੰਜਾਬ ਸਰਕਾਰ ਨਾਲ ਗੱਲਬਾਤ ਸਮੇਂ ਪੇਸ਼ ਕੀਤੇ ਗਏ 18 ਸੂਤਰੀ ਮੰਗ ਪੱਤਰ ਦੀਆਂ ਹੋਰ ਮੰਗਾਂ ਦਾ ਜ਼ਿਕਰ ਵੀ ਕੀਤਾ ਗਿਆ। ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਕਿਸਾਨ ਆਗੂਆਂ ਨੇ ਸਰਕਾਰ ਨੂੰ 15 ਮਾਰਚ ਤਕ ਦਾ ਸਮਾਂ ਦਿੰਦੇ ਹੋਏ ਸਾਂਝਾ ਅੰਦੋਲਨ ਹੋਰ ਵਿਸ਼ਾਲ ਅਤੇ ਤੇਜ਼ ਕਰਨ ਦੀ ਚਿਤਾਵਨੀ ਦਿਤੀ। ਅੱਜ ਦੇ ਚਿਤਾਵਨੀ ਧਰਨਿਆਂ ਨੂੰ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਰਮਿੰਦਰ ਸਿੰਘ ਪਟਿਆਲਾ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਡਾ. ਸਤਨਾਮ ਸਿੰਘ ਅਜਨਾਲਾ, ਡਾ. ਦਰਸ਼ਨਪਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਜੰਗਵੀਰ ਸਿੰਘ ਚੌਹਾਨ, ਕਿਰਨਜੀਤ ਸਿੰਘ ਸੇਖੋਂ, ਹਰਿੰਦਰ ਕੌਰ ਬਿੰਦੂ ਅਤੇ ਹਰਦੀਪ ਕੌਰ ਕੋਟਲਾ ਸਮੇਤ ਹੋਰ ਔਰਤ ਆਗੂਆਂ ਆਦਿ ਨੇ ਸੰਬੋਧਨ ਕੀਤਾ।

ਬਾਗ਼ੀ ਅਕਾਲੀ ਧੜੇ ਨੇ 18 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੱਡਾ ਇਕੱਠ ਸੱਦਿਆ

ਇਸ ਤੋਂ ਇਲਾਵਾ ਕੁੱਝ ਮੈਂਬਰਾਂ ਰਾਹੀਂ 28 ਮਾਚਰ ਨੂੰ ਹੋ ਰਹੇ ਸ਼੍ਰੋਮਣੀ ਕਮੇਟੀ ਦੇ ਬਜਟ ਸੈਸ਼ਨ ਵਿਚ ਜਥੇਦਾਰਾਂ ਨੂੰ ਹਟਾਉਣ ਵਿਰੁਧ ਮਤਾ ਲਿਆ ਕੇ ਉਨ੍ਹਾਂ ਦੀ ਬਹਾਲੀ ਦੀ ਮੰਗ ਕੀਤੀ ਜਾਵੇਗੀ। ਮੀਟਿੰਗ ਵਿਚ ਪਾਸ ਕੀਤੇ ਪਹਿਲਾ ਮਤੇ ਵਿਚ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਰਿਆਦਾ ਦਾ ਘਾਣ ਖ਼ਾਸ ਕਰ ਪੰਥਕ ਰਹੁ-ਰੀਤਾਂ ਤੇ ਪਹਿਰਾ ਦੇਣ ਵਾਲੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੱਡੀ ਉਲੰਘਣਾ ਕੀਤੀ ਹੈ ਜਿਸ ਨਾਲ ਸਿੱਖਾਂ ਦੇ ਮਨ ਗਹਿਰੀ ਸੱਟ ਵੱਜੀ ਹੈ। ਇਸ ਦਾ ਨਿੰਦਾ ਮਤਾ ਪਾਸ ਕੀਤਾ ਗਿਆ ਹੈ। ਦੂਜੇ ਮਤੇ ਵਿਚ ਮੰਗ ਚੁੱਕੀ ਕਿ ਜਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਅਤੇ ਸੇਵਾ ਮੁਕਤੀ ਲਈ ਵਿਧੀ ਵਿਧਾਨ ਬਣਨਾ ਬਹੁਤ ਜ਼ਰੂਰੀ ਹੈ। ਘੱਟੋ-ਘੱਟ ਜਨਰਲ ਇਜਲਾਸ ਵਿਚ ਪਾਸ ਹੋਣ ਉਪਰੰਤ ਸੇਵਾ ਦਿਤੀ ਜਾ ਸਕੇ ਤੇ ਸੇਵਾ ਮੁਕਤ ਕੀਤਾ ਜਾ ਸਕੇ। ਇਕ ਹੋਰ ਮਤੇ ਵਿਚ ਪਾਸ ਕਰਦਿਆਂ ਸਿੰਘ ਸਾਹਿਬਾਨ ਗਿਆਨੀ ਰਘੁਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਤੇ ਖ਼ਾਸ ਕਰ ਦੋ ਦਸੰਬਰ ਵਾਲੇ ਹੁਕਮਨਾਮੇ ਦੀ ਸ਼ਲਾਘਾ ਕੀਤੀ ਗਈ। ਇਸੇ ਤਰ੍ਹਾਂ ਇਕ ਮਤੇ ਰਾਹੀਂ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ, ਬਾਬਾ ਬਲਬੀਰ ਸਿੰਘ, ਦਮਦਮੀ ਟਕਸਾਲ ਤਮਾਮ ਸੰਤ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਗਈ ਕਿ ਇੱਕਠੇ ਹੋ ਕੇ ਇਨ੍ਹਾਂ ਮਤਿਆਂ ਨੂੰ ਰੱਦ ਕਰਵਾਉਣ ਲਈ ਵੱਡੇ ਪੱਧਰ 'ਤੇ ਜਥੇਬੰਦੀਆਂ ਨੂੰ ਲਾਮਬੰਦ ਕਰਨ ਦੇ ਉਪਰਾਲੇ ਕੀਤੇ ਕਰਨ। ਅੱਜ ਦੀ ਇਕਤੱਰਤਾ ਵਿਚ ਪੰਥਕ ਹਲਕਿਆਂ ਦੀ ਘਟਨਾਵਾਂ ਤੇ ਜਿਥੇ ਨਜ਼ਰਸਾਨੀ ਕੀਤੀ ਗਈ ਉਥੇ ਹੀ ਸਮੁੱਚੇ ਪੰਥ ਅਤੇ ਸਮੁੱਚੀ ਕੌਮ ਵਿਚ ਫੈਲੀ ਨਿਰਾਸ਼ਾ ਨੂੰ ਦੂਰ ਕਰਨ ਲਈ ਅੱਗੇ ਹੋ ਕੇ ਖੜਨ ਦਾ ਅਹਿਦ ਵੀ ਲਿਆ ਗਿਆ। ਅੱਜ ਦੀ ਇਕਤੱਰਤਾ ਵਿਚ ਸ਼ਾਮਲ ਪ੍ਰਮੁੱਖ ਆਗੂਆਂ ਵਿਚ ਵਿਚ ਜਥੇ: ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਜਥੇ ਸੁੱਚਾ ਸਿੰਘ ਛੋਟੇਪੁਰ, ਚਰਨਜੀਤ ਸਿੰਘ ਬਰਾੜ, ਸਰਵਣ ਸਿੰਘ ਫਿਲੌਰ, ਪ੍ਰਕਾਸ਼ ਚੰਦ ਗਰਗ, ਜਸਟਿਸ ਨਿਰਮਲ ਸਿੰਘ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਬੀਬੀ ਪਰਮਜੀਤ ਕੌਰ ਗੁਲਸ਼ਨ, ਜਥੇ: ਸੁਰਿੰਦਰ ਸਿੰਘ ਭੁੱਲੇਵਾਲ ਰਾਠਾ, ਭਾਈ ਮਨਜੀਤ ਸਿੰਘ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਬੀਬੀ ਕਿਰਨਜੋਤ ਕੌਰ, ਬੀਬੀ ਪਰਮਜੀਤ ਕੌਰ ਲਾਂਡਰਾ, ਕੁਲਦੀਪ ਕੌਰ ਟੌਹੜਾ, ਮਿੱਠੂ ਸਿੰਘ ਕਾਹਨੇਕੇ, ਸਤਵਿੰਦਰ ਸਿੰਘ ਟੌਹੜਾ, ਕਰਨੈਲ ਸਿੰਘ ਪੰਜੋਲੀ, ਰਣਧੀਰ ਸਿੰਘ ਰੱਖੜਾ, ਤੇਜਿੰਦਰਪਾ ਸਿੰਘ ਸੰਧੂ ਆਦਿ ਦੇ ਨਾਂ ਜ਼ਿਕਰਯੋਗ ਹਨ।

ਸ.ਫ਼ਾ 3 ਦੀਆਂ ਬਾਕੀਆਂ

ਬਰਨਾਲਾ ਵਿਚ ਢਾਹਿਆ ਗਿਆ ਨਾਜਾਇਜ਼ ਢਾਂਚਾ

ਮੁਹੰਮਦ ਸਰਫ਼ਰਾਜ਼ ਆਲਮ ਨੇ ਦਸਿਆ ਕਿ ਸਰਕਾਰੀ ਰਿਕਾਰਡ ਅਨੁਸਾਰ ਕਾਲੀ ਕੌਰ ਵਿਰੁਧ 9 ਅਪਰਾਧਕ ਕੇਸ ਦਰਜ ਹਨ, ਜਿਨ੍ਹਾਂ ਵਿਚ 7 ਐਨਡੀਪੀਐਸ ਐਕਟ ਅਧੀਨ ਹਨ, ਜਦੋਂ ਕਿ ਉਸ ਦੀ ਧੀ ਸਰਬੋ ਵਿਰੁਧ 7 ਕੇਸ ਦਰਜ ਹਨ, ਜਿਨ੍ਹਾਂ ਵਿਚੋਂ 6 ਐਨਡੀਪੀਐਸ ਐਕਟ ਅਧੀਨ ਦਰਜ ਹਨ। ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਬਰਨਾਲਾ ਵਲੋਂ ਇਹ ਨਾਜਾਇਜ਼ ਕਬਜ਼ਾ ਹਟਾਉਣ ਲਈ ਪੁਲਿਸ ਮਦਦ ਮੰਗੀ ਗਈ ਸੀ। ਐਸਐਸਪੀ ਬਰਨਾਲਾ ਨੇ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਧਿਆਨ ਵਿਚ ਰਖਦੇ ਹੋਏ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ ਯਕੀਨੀ ਬਣਾਉਂਦੇ ਹੋਏ ਇਹ ਕਾਰਵਾਈ ਕੀਤੀ ਗਈ।

ਨਸ਼ਾ ਵਿਰੋਧੀ ਮੁਹਿੰਮ ਨੂੰ ਪੰਜਾਬ ਭਰ 'ਚ ਮਿਲ ਰਹੀ ਲਾਮਿਸਾਲ ਸਫ਼ਲਤਾ : ਅਮਨ ਅਰੋੜਾ

ਜਵਾਬੀ ਕਾਰਵਾਈ ਵਿੱਚ ਗੋਲੀ ਲੱਗਣ ਕਾਰਨ 19 ਤਸਕਰ ਵੀ ਜ਼ਖ਼ਮੀ ਹੋ ਗਏ। ਪੁਲਿਸ ਨੂੰ ਆਪਣੀ ਸੁਰੱਖਿਆ ਲਈ ਇਨ੍ਹਾਂ ਲੋਕਾਂ 'ਤੇ ਗੋਲੀ ਚਲਾਉਣ ਲਈ ਮਜਬੂਰ ਹੋਣਾ ਪਿਆ। ਅਰੋੜਾ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ 'ਚੋਂ ਨਸ਼ਾ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪੁਲਿਸ ਵਲੋਂ ਨਸ਼ਾ ਤਸਕਰਾਂ ਵਿਰੁਧ 24 ਘੰਟੇ ਕਾਰਵਾਈ ਕੀਤੀ ਜਾ ਰਹੀ ਹੈ।

ਅੰਮ੍ਰਿਤਸਰ ਤੋਂ ਤਸਕਰੀ ਦੇ ਦੋਸ਼ ਵਿਚ ਨਾਬਾਲਗ ਸਮੇਤ ਚਾਰ ਗ੍ਰਿਫ਼ਤਾਰ

ਤੋਂ ਪਾਕਿਸਤਾਨੀ ਤਸਕਰਾਂ ਦੁਆਰਾ ਸੁੱਟੀਆਂ ਜਾਂਦੀਆਂ ਨਸ਼ਿਆਂ ਦੀਆਂ ਖੇਪਾਂ ਪ੍ਰਾਪਤ ਕਰਨ ਲਈ ਕਿਸ਼ਤੀਆਂ ਦੀ ਵਰਤੋਂ ਕਰ ਰਿਹਾ ਸੀ। ਡੀਜੀਪੀ ਨੇ ਕਿਹਾ ਕਿ ਇਸ ਸਬੰਧੀ ਐਨਡੀਪੀਐਸ ਐਕਟ ਤਹਿਤ ਦੋ ਵੱਖ-ਵੱਖ ਐਫ਼ਆਈਆਰ ਦਰਜ ਕੀਤੀਆਂ ਗਈਆਂ ਹਨ ਤੇ ਦੋਵਾਂ ਮਾਮਲਿਆਂ ਵਿਚ ਅਗਲੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਪੁਲਿਸ ਟੀਮਾਂ ਨੇ ਸੀਆਈਏ ਸਟਾਫ-1 ਦੇ ਇੰਚਾਰਜ ਇੰਸਪੈਕਟਰ ਅਮੋਲਕਦੀਪ ਸਿੰਘ ਤੇ ਸੀਆਈਏ ਸਟਾਫ-2 ਦੇ ਇੰਚਾਰਜ ਸਬ ਇੰਸਪੈਕਟਰ ਰਵੀ ਕੁਮਾਰ ਦੀ ਅਗਵਾਈ ਹੇਠ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਛੇਹਰਟਾ ਅਤੇ ਛਾਉਣੀ ਦੇ ਇਲਾਕਿਆਂ 'ਚੋਂ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਮਸ਼ਹੂਰ ਪੰਜਾਬੀ ਗੀਤਕਾਰ ਹਰਬੰਸ ਸਿੰਘ ਜੰਡੂ ਦਾ ਦਿਹਾਂਤ

ਨੀ ਗਿੱਧੇ 'ਚ ਆ...ਗਿੱਧੇ 'ਚ ਆ ਨੀਂ ਜ਼ਰਾ ਨੱਚ ਕੇ ਵਿਖਾ' ਨੇ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਨੂੰ ਥਿਰਕਣ ਲਾ ਦਿਤਾ ਸੀ। ਉਨ੍ਹਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਲਿੱਤਰਾਂ ਵਿਚ ਹੋਇਆ ਸੀ। ਉਨ੍ਹਾਂ ਨੇ ਪਹਿਲੀ ਵਾਰ 1968 ਵਿਚ ਗੀਤ ਲਿਖਣੇ ਸ਼ੁਰੂ ਕੀਤੇ। ਉਨ੍ਹਾਂ ਨੇ ਬਹੁਤ ਸਾਰੇ ਮਸ਼ਹੂਰ ਗੀਤ ਲਿਖੇ ਹਨ ਅਤੇ ਪੰਜਾਬੀ ਇੰਡਸਟਰੀ ਵਿਚ ਬਹੁਤ ਨਾਮ ਕਮਾਇਆ ਹੈ। ਦਸ ਦਈਏ ਕਿ ਪਿੰਡ ਤੋਂ ਲੈ ਕੇ ਦੇਸ਼-ਪ੍ਰਦੇਸ਼ ਤਕ ਜੰਡੂ ਲਿੱਤਰਾਂ ਵਾਲੇ ਦੀ ਝੋਲੀ ਅਨੇਕਾਂ ਮਾਣ-ਸਨਮਾਨ ਪਏ।

ਡਰੱਗ ਮਾਮਲੇ 'ਚ ਮਜੀਠੀਆ ਨੂੰ ਸਿੱਟ ਨੇ ਫਿਰ ਕੀਤਾ ਤਲਬ

ਲੰਬੇ ਸਮੇਂ ਤੋਂ ਡਰੱਗ ਸਬੰਧੀ ਇਕ ਮਾਮਲੇ ਵਿਚ ਘਿਰੇ ਹੋਏ ਹਨ, ਜਿਸ ਵਿਚ ਉਨ੍ਹਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸਬੰਧਤ ਗਤੀਵਿਧੀਆਂ ਨਾਲ ਜੁੜੇ ਹੋਣ ਦੇ ਦੋਸ਼ ਲੱਗੇ ਸਨ। ਇਸ ਮਾਮਲੇ ਦੀ ਜਾਂਚ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਵਲੋਂ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਤਾਜ਼ਾ ਆਦੇਸ਼ਾਂ ਨੇ ਸਪੱਸ਼ਟ ਕਰ ਦਿਤਾ ਹੈ ਕਿ ਮਜੀਠੀਆ ਨੂੰ ਜਾਂਚ ਵਿਚ ਸਹਿਯੋਗ ਕਰਨ ਲਈ ਨਿਰਧਾਰਤ ਮਿਤੀ 'ਤੇ ਐਸ.ਆਈ.ਟੀ. ਦੇ ਅੱਗੇ ਹਾਜ਼ਰ ਹੋਣਾ ਹੋਵੇਗਾ।

ਰੋਜ਼ਾਨਾ ਸਪੋਕਸਮੈਨ ਕਲਾਸੀਫ਼ਾਈਡ CLASSIFIED

ਬੇਦਖ਼ਲੀ ਸੂਚਨਾ

• ਮੈਂ, ਜਗਤਾਰ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਗੁਰਦਿੱਤਪੁਰ ਤਹਿਸੀਲ ਪਾਤੜਾਂ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਉਰਫ ਸੁੱਖਾ, ਨੂੰਹ ਰੁਪਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ ਉਰਫ ਸੁੱਖਾ ਪੋਤਰੀਆਂ ਅਮਰਜੀਤ ਕੌਰ, ਮਨਪ੍ਰੀਤ ਕੌਰ ਪੁੱਤਰੀਆਂ ਸੁਖਵਿੰਦਰ ਸਿੰਘ ਉਰਫ ਸੁੱਖਾ ਤੇ ਪੋਤਰਾ ਅਮਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਉਰਫ ਸੁੱਖਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਏਗਾ। ਸੰਬੰਧਿਤ ਨੋਟ ਕਰਨ।

ਸ.ਫ਼ਾ 1 ਦੀ ਬਾਕੀ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਸੰਭਾਲੀ ਸੇਵਾ

ਸਾਹਿਬ ਨਾਲ ਸਬੰਧਤ ਹੋਰ ਗੁਰ ਅਸਥਾਨਾਂ ਵਿਖੇ ਮੱਥਾ ਵੀ ਟੇਕਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਕੜਾਹ ਪ੍ਰਸਾਦ ਦੀ ਦੇਗ ਕਰਵਾਈ ਤੇ ਮੱਥਾ ਟੇਕਣ ਲਈ ਪੁੱਜੇ ਅਤੇ ਗੁਰਬਾਣੀ ਕੀਰਤਨ ਕਰਵਣ ਕੀਤਾ। ਇਥੇ ਉਨ੍ਹਾਂ ਨੂੰ ਸਿਰਪਾਉ ਤੇ ਪਤਾਸਿਆਂ ਦਾ ਪ੍ਰਸਾਦ ਦਿਤਾ ਗਿਆ। ਇਸ ਉਪਰੰਤ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਏ ਜਿਥੇ ਪੰਜ ਪਿਆਰੇ ਸਾਹਿਬਾਨ ਵਲੋਂ ਅਰਦਾਸ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਨੂੰ ਦਸਤਾਰ, ਸਿਰੋਪਾਉ ਅਤੇ ਫੁੱਲਾਂ ਦਾ ਸਿਹਰਾ ਦਿਤਾ ਗਿਆ। ਇਸ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਪੁੱਜੇ ਜਿਥੇ ਉਨ੍ਹਾਂ ਨੇ ਬਰਤਨ ਧੋਣ ਦੀ ਸੇਵਾ ਕੀਤੀ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ. ਗੁਰਤਿੰਦਰਪਾਲ ਸਿੰਘ, ਸ. ਰਜਿੰਦਰ ਸਿੰਘ, ਸ. ਗੁਰਵਿੰਦਰ ਸਿੰਘ ਤੇ ਸ. ਜਸਪਾਲ ਸਿੰਘ ਵੀ ਮੌਜੂਦ ਸਨ।

ਜਨਤਕ ਸੂਚਨਾ

ਸਕਾਊਟਸ ਇਮੀਗ੍ਰੇਸ਼ਨ & ਲੈਂਗੂਏਜ ਸੈਂਟਰ ਲਾਇਸੈਂਸ ਨੰਬਰ (390/IC) 85B ਸਿਟੀ ਹਾਰਟ ਖਰੜ ਤੋਂ ਸ਼ਿਫਟ ਹੋ ਗਿਆ ਹੈਂ ! ਅਤੇ ਭਵਿਖ ਵਿਚ ਬੇਹਤਰ ਸੇਵਾਵਾਂ ਲਈ, SCO 74D, ਸਿਟੀ ਹਾਰਟ ਵਿਖੇ ਕੰਮ ਕਰੇਗਾ |

ਫੋਨ ਨੰਬਰ: 9888347207

ਡੀਸੀਬੀ ਬੈਂਕ ਲਿਮਟਿਡ DCB BANK

ਏ-ਸੈਟ ਹਾਊਸ, 7/56, ਡੀ.ਬੀ. ਗੁਪਤਾ ਰੋਡ,
ਕਰੋਲ ਬਾਗ, ਨਵੀਂ ਦਿੱਲੀ-110005

ਅਪੈਂਡਿਕਸ IV (ਰੂਲ 8(6) ਦੇਖੋ)

ਕਬਜ਼ਾ ਨੋਟਿਸ

(ਅਚੱਲ ਜਾਇਦਾਦ ਲਈ)

ਡੀਸੀਬੀ ਬੈਂਕ ਲਿਮਟਿਡ ਦੇ ਨਿਮਨ ਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ (54 ਆਫ਼ 2002) ਅਤੇ ਸਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਲਿਖੇ ਕਰਜ਼ਦਾਰਾਂ (ਕਰਜ਼ਦਾਰਾਂ ਸਹਿ ਕਰਜ਼ਦਾਰਾਂ) ਨੂੰ ਉਕਤ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਟੇਬਲ ਵਿਚ ਦਰਸਾਈ ਰਕਮ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਅਤੇ ਸਹਿ ਕਰਜ਼ਦਾਰ ਦਰਸਾਈ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਉਨ੍ਹਾਂ ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਿਟੀ ਇੰਟਰਸਟ ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਮਿਤੀ 05.03.2025 ਅਤੇ 05-03-2025 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਅਤੇ ਸਹਿ ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕਰਨ ਬਾਰੇ ਸਾਵਧਾਨ ਕੀਤਾ ਜਾਂਦਾ ਹੈ ਅਤੇ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਵਾਲਾ ਕ੍ਰਮਵਾਰ ਹੇਠ ਦਰਸਾਈ ਰਕਮ ਦਾ ਡੀਸੀਬੀ ਬੈਂਕ ਲਿਮਟਿਡ ਨੂੰ ਅਦਾਇਗੀ ਦਾ ਜਿੰਮੇਵਾਰ ਹੋਵੇਗਾ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸੇਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਡਿਮਾਂਡ ਨੋਟਿਸ ਦੀ ਮਿਤੀ	05-03-2020
ਕਰਜ਼ਦਾਰ(ਾਂ) ਅਤੇ ਸਹਿ-ਕਰਜ਼ਦਾਰ(ਾਂ) ਦਾ ਨਾਮ	ਰਜਤ ਭਾਟੀਆ ਅਤੇ ਅੰਜਲੀ ਭਾਟੀਆ
ਕੁੱਲ ਬਕਾਇਆ ਰਕਮ	ਰੁ. 15,76,364.93/- (ਪੰਦਰਾਂ ਲੱਖ ਛਿਅੱਤਰ ਹਜ਼ਾਰ ਤਿੰਨ ਸੌ ਚੌਂਹਟ ਰੁ. ਤਰਾਨਵੇਂ ਪੈਸੇ ਸਿਰਫ਼) 05-03-2020 ਨੂੰ
ਅਚੱਲ ਜਾਇਦਾਦ ਦਾ ਵੇਰਵਾ	ਮਕਾਨ ਨੰ 10, ਜਨਤਾ ਨਗਰ, ਦੁਰਗਾ ਮਾਤਾ ਮੰਦਿਰ ਗੁਰਦਵਾਰਾ ਗੁਰ ਨਿਰਵਾਨ ਸਰਬਜੀਤ ਸਿੰਘ ਗਲੀ, ਜੱਸੀਆਂ ਰੋਡ ਵਾਕਿਆ ਜੱਸੀਆਂ, ਲੁਧਿਆਣਾ ਪੰਜਾਬ 141001 (ਸਕਿਉਰਡ ਐਸੇਟਸ)

ਡਿਮਾਂਡ ਨੋਟਿਸ ਦੀ ਮਿਤੀ	06-07-2021
ਕਰਜ਼ਦਾਰ(ਾਂ) ਅਤੇ ਸਹਿ-ਕਰਜ਼ਦਾਰ(ਾਂ) ਦਾ ਨਾਮ	ਰਿਕੀ ਕੁਮਾਰੀ ਅਤੇ ਸੁਰਜੀਤ ਕੁਮਾਰ ਸ਼੍ਰੀਵਾਸਤਵ
ਕੁੱਲ ਬਕਾਇਆ ਰਕਮ	ਰੁ. 12,01,858.17/- (ਬਾਰਾਂ ਲੱਖ ਇੱਕ ਹਜ਼ਾਰ ਅੱਠ ਸੌ ਅਠਵੰਜਾ ਰੁ. ਸਤਾਰਾਂ ਪੈਸੇ ਸਿਰਫ਼) 06-07-2021 ਨੂੰ
ਅਚੱਲ ਜਾਇਦਾਦ ਦਾ ਵੇਰਵਾ	ਵਸੀਕਾ ਨੰ 14199, ਪਲਾਟ ਨੰ 268-269, ਗਰੀਨ ਸਿਟੀ, ਹਸਨਪੁਰਾ ਲੁਧਿਆਣਾ ਪੰਜਾਬ 141008 (ਸਕਿਉਰਡ ਐਸੇਟਸ)

ਮਿਤੀ : 11-03-2025
ਸਥਾਨ : ਲੁਧਿਆਣਾ, ਪੰਜਾਬ

ਸਹੀ/-
ਲਈ ਡੀਸੀਬੀ ਬੈਂਕ ਲਿਮ.
ਅਧਿਕਾਰਤ ਅਫ਼ਸਰ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.

ਜਨਤਕ ਨੋਟਿਸ

PSPCL ਨੇ ਪਟੀਸ਼ਨ ਨੰ. 46/2024 ਦਾਇਰ ਕੀਤੀ ਸੀ ਕਿ ਮਨੋਨੀਤ ਖਪਤਕਾਰਾਂ ਨੂੰ ਪਾਵਰ ਕੁਆਲਿਟੀ ਮੀਟਰਾਂ ਦੀ ਸਥਾਪਨਾ ਲਈ ਬਿਨਾਂ ਜੁਰਮਾਨੇ/ਮੁਆਵਜ਼ੇ ਦੇ ਸਮਾਂ ਵਧਾਉਣ ਦੀ ਆਗਿਆ ਦਿੱਤੀ ਜਾਵੇ ਅਤੇ PSPCL ਰਾਹੀਂ ਮਹੀਨਾਵਾਰ ਮੀਟਰ ਕਿਰਾਏ ਦਾ ਭੁਗਤਾਨ ਕਰਕੇ PQ ਮੀਟਰਾਂ ਦੀ ਸਥਾਪਨਾ ਲਈ ਵਿਕਲਪ ਦੀ ਵਰਤੋਂ ਕਰਨ ਲਈ ਮਨੋਨੀਤ ਖਪਤਕਾਰਾਂ ਨੂੰ ਸਮਾਂ ਵਧਾਉਣ ਦੀ ਆਗਿਆ ਦਿੱਤੀ ਜਾਵੇ। ਪਟੀਸ਼ਨ ਦੀ ਅਗਲੀ ਸੁਣਵਾਈ 09.04.2025 ਨੂੰ ਨਿਰਧਾਰਤ ਕੀਤੀ ਗਈ ਹੈ ਹਾਲਾਂਕਿ, ਇੱਕ ਅੰਤਰਿਮ ਉਪਾਅ ਵਜੋਂ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ 04.03.2025 ਨੂੰ ਆਦੇਸ਼ ਪਾਸ ਕੀਤਾ ਹੈ, ਮਨੋਨੀਤ ਖਪਤਕਾਰਾਂ ਦੀ ਜਾਣਕਾਰੀ ਲਈ ਨਿਰਧਾਰਤ ਸਮੇਂ ਦੇ ਅੰਦਰ ਵਿਕਲਪ ਜਮ੍ਹਾਂ ਕਰਾਉਣ ਜਾਂ PQ ਮੀਟਰ ਲਗਾਉਣ ਦਾ ਮੌਕਾਂ ਪ੍ਰਾਪਤ ਕਰਨ ਲਈ, ਹੇਠ ਅਨੁਸਾਰ ਹੈ:-

1) ਬਿਲਿੰਗ ਚੱਕਰ 01.04.2025 ਤੋਂ ਸ਼ੁਰੂ ਹੋਣ ਵਾਲੇ ਸਾਰੇ ਮਨੋਨੀਤ ਖਪਤਕਾਰ ਜੋ ਕਿ ਪਾਵਰ ਕੁਆਲਟੀ ਰੈਗੂਲੇਸ਼ਨ 5 (1) ਦੇ ਪਹਿਲੇ ਪ੍ਰਾਵਧਾਨ ਤਹਿਤ ਕਵਰ ਹੁੰਦੇ ਹਨ, ਜਿਹਨਾ ਨੇ ਪਹਿਲਾਂ ਹੀ ਪਾਵਰ ਕੁਆਲਟੀ ਮੀਟਰ ਲਗਵਾਇਆਂ ਹੈ ਜਾਂ ਪਾਵਰ ਕੁਆਲਟੀ ਮੀਟਰ ਇਸ ਅਦੇਸ਼ ਦੇ ਜਾਰੀ ਹੋਣ ਤੋਂ ਬਾਅਦ ਲਗਾਇਆਂ ਹੈ, ਰੈਗੂਲੇਸ਼ਨ 13.4 ਮੁਤਾਬਿਕ ਜਨਰਲ ਵਪਾਰਕ ਕੈਟਾਗਿਰੀ ਅਧੀਨ ਬਿਲ ਦੇ ਸਕਣਗੇ, ਜੇਕਰ TDD ਦਾ ਮਾਪ ਕਿਸੇ ਵੀ Measurement Period ਬਿਲਿੰਗ ਮਹੀਨੇ ਦੇ ਲਗਾਤਾਰ ਪੂਰੇ 7 ਦਿਨ ਦਾ ਡਾਟਾ ਰੈਗੂਲੇਸ਼ਨ 13.7.2 ਦੀ ਨਿਰਧਾਰਿਤ ਸੀਮਾਂ ਦੇ ਅੰਦਰ ਮਾਪਿਆਂ ਜਾਂਦਾ ਹੈ। ਜੇਕਰ "44 ਦਾ ਮਾਪ ਕਿਸੇ ਵੀ Measurement Period ਬਿਲਿੰਗ ਮਹੀਨੇ ਦੇ ਲਗਾਤਾਰ ਪੂਰੇ 7 ਦਿਨ ਦਾ ਡਾਟਾ 13.7.2 ਦੀ ਨਿਰਧਾਰਿਤ ਸੀਮਾਂ ਤੋਂ ਵੱਧ ਆਉਂਦਾ ਹੈ ਤਾਂ ਮਨੋਨੀਤ ਖਪਤਕਾਰ ਤੇ PIU Tariff, ਉਸ ਬਿਲਿੰਗ ਚੱਕਰ ਵਿੱਚ ਲੱਗੇਗਾ।

2) ਮਨੋਨੀਤ ਖਪਤਕਾਰ, ਜੋ ਰੈਗੂਲੇਸ਼ਨ 13.8 ਦੇ ਪਹਿਲੇ ਪ੍ਰਾਵਧਾਨ ਦੇ ਅਨੁਸਾਰ, ਪਹਿਲਾਂ ਹੀ ਪਾਵਰ ਕੁਆਲਿਟੀ ਰੈਗੂਲੇਸ਼ਨ ਦੇ ਰੈਗੂਲੇਸ਼ਨ 13.11 ਦੇ ਉਪਬੰਧਾਂ ਦੇ ਅਨੁਸਾਰ ਨਿਯੰਤਰਿਤ ਹੋਣ ਦੀ ਚੋਣ ਕਰ ਚੁੱਕੇ ਹਨ, ਰੈਗੂਲੇਸ਼ਨ 13.11 ਦੇ ਉਪਬੰਧਾਂ ਦੁਆਰਾ ਨਿਯੰਤਰਿਤ ਕੀਤੇ ਜਾ ਸਕਦੇ ਹਨ। ਹਾਲਾਂਕਿ, ਇਸ ਵਿਵਸਥਾ ਵਿੱਚ ਢਿੱਲ ਦਿੰਦੇ ਹੋਏ ਕਿ ਅਜਿਹਾ ਵਿਕਲਪ ਅਟੱਲ ਹੋਵੇਗਾ ਕਮਿਸ਼ਨ ਇੱਕ ਅੰਤਰਿਮ ਉਪਾਅ ਵਜੋਂ, ਅਜਿਹੇ ਮਨੋਨੀਤ ਖਪਤਕਾਰਾਂ ਨੂੰ ਅਗਲੇ ਆਦੇਸ਼ਾਂ ਤੱਕ ਇਸ ਅੰਤਰਿਮ ਆਦੇਸ਼ ਦੇ ਪੈਰਾ (1) ਦੁਆਰਾ ਨਿਯੰਤਰਿਤ ਹੋਣ ਦੀ ਚੋਣ ਕਰਨ ਦੀ ਇਜਾਜ਼ਤ ਦਿੰਦਾ ਹੈ।

3) ਮਨੋਨੀਤ ਖਪਤਕਾਰ ਜਿਨ੍ਹਾਂ ਨੇ 2023 ਦੀ Suo-Moto ਪਟੀਸ਼ਨ ਨੰ. 72 ਵਿੱਚ ਕਮਿਸ਼ਨ ਦੇ ਆਦੇਸ਼ ਮਿਤੀ 24.01.2024 ਦੇ ਅਨੁਸਾਰ ਮੀਟਰ ਕਿਰਾਏ ਦਾ ਭੁਗਤਾਨ ਕਰਕੇ PSPCL ਦੁਆਰਾ PQ ਮੀਟਰ ਸਥਾਪਤ ਕਰਨ ਦੇ ਵਿਕਲਪ ਦੀ ਵਰਤੋਂ ਕੀਤੀ ਹੈ, ਉਹਨਾਂ ਕੋਲ ਮਨਜ਼ੂਰਸ਼ੁਦਾ ਵਿਕਰੇਤਾਵਾਂ ਤੋਂ PQ ਮੀਟਰ ਖਰੀਦਣ ਦਾ ਵਿਕਲਪ ਹੋਵੇਗਾ ਅਤੇ ਇਸ ਨੂੰ ਸਥਾਪਤ ਕਰਕੇ ਉੱਪਰ ਦੱਸੇ ਪੈਰਾ (1) ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਕਮਿਸ਼ਨ ਦੇ ਮਿਤੀ 24.01.2024 ਦੇ ਹੁਕਮ ਅਨੁਸਾਰ ਕਿ ਅਜਿਹੀ ਚੋਣ ਅਟੱਲ ਹੋਵੇਗੀ, ਇਸ ਹੱਦ ਤੱਕ ਢਿੱਲ ਦਿੱਤੀ ਜਾਂਦੀ ਹੈ।

4) ਮਨੋਨੀਤ ਖਪਤਕਾਰ, ਜਿਨ੍ਹਾਂ ਨੇ ਨਾਂ ਤਾਂ ਨਿਰਧਾਰਤ ਮਿਤੀ ਦੇ ਅੰਦਰ ਕਿਰਾਏ ਦਾ ਭੁਗਤਾਨ ਕਰਕੇ PSPCL ਦੁਆਰਾ PQ ਮੀਟਰਾਂ ਨੂੰ ਸਥਾਪਤ ਕਰਨ ਦਾ ਵਿਕਲਪ ਜਮ੍ਹਾ ਕਰਵਾਇਆ ਹੈ ਅਤੇ ਨਾ ਹੀ PQ ਮੀਟਰ ਸਥਾਪਤ ਕੀਤਾ ਹੈ, ਹੁਣ ਇਸ ਆਰਡਰ ਦੇ ਜਾਰੀ ਹੋਣ ਦੀ ਮਿਤੀ ਤੋਂ ਅਤੇ 31.03.2025 ਤੱਕ ਕਿਰਾਏ ਦਾ ਭੁਗਤਾਨ ਕਰਕੇ PSPCL ਦੁਆਰਾ PQ ਮੀਟਰਾਂ ਨੂੰ ਸਥਾਪਤ ਕਰਨ ਦਾ ਵਿਕਲਪ ਜਮ ?ਹਾ ਕਰਵਾ ਸਕਦੇ ਹਨ। ਇਸ ਆਰਡਰ ਦੇ ਜਾਰੀ ਹੋਣ ਤੋਂ ਬਾਅਦ, ਅਜਿਹੇ ਸਾਰੇ ਮਨੋਨੀਤ ਖਪਤਕਾਰਾਂ ਨੂੰ ਵਿਕਲਪ ਪ੍ਰਾਪਤ ਹੋਣ ਦੀ ਮਿਤੀ ਤੋਂ ਪਾਵਰ ਕੁਆਲਿਟੀ ਮੀਟਰ ਲਗਾਉਣ ਦੀ ਜ਼ਰੂਰਤ ਦੀ ਪਾਲਣਾ ਕੀਤੀ ਸਮਝੀ ਜਾਵੇਗੀ ਅਤੇ ਕਿਰਾਏ ਦੁਆਰਾ ਭੁਗਤਾਨ ਕਰਕੇ PSPCL ਦੁਆਰਾ PQ Meter ਸਥਾਪਤ ਕਰਨ ਲਈ ਉਹਨਾਂ ਦੇ ਵਿਕਲਪ ਦੀ ਪ੍ਰਾਪਤੀ ਦੀ ਮਿਤੀ ਤੋਂ ਬਾਅਦ ਪਾਵਰ ਕੁਆਲਟੀ ਰੈਗੂਲੇਸ਼ਨ 13.5 ਦੇ ਅਨੁਸਾਰ ਜੁਰਮਾਨਾ ਨਹੀਂ ਲਗਾਇਆ ਜਾਵੇਗਾ। ਹਾਲਾਂਕਿ, ਰੈਗੂਲੇਸ਼ਨ 13.5 ਦੇ ਅਨੁਸਾਰ ਜੁਰਮਾਨਾ ਵਿਕਲਪ ਦੀ ਪ੍ਰਾਪਤੀ ਦੀ ਮਿਤੀ ਤੱਕ ਭੁਗਤਾਨ ਯੋਗ ਹੋਵੇਗਾ।

5) PQ ਰੈਗੂਲੇਸ਼ਨ ਦੀ ਨੋਟੀਫਿਕੇਸ਼ਨ ਦੀ ਮਿਤੀ ਤੋਂ ਬਾਅਦ ਨਵੇਂ ਕਨੈਕਸ਼ਨ ਜਾਂ ਮੰਗ ਵਿੱਚ ਵਾਧੇ ਬਾਬਤ PQ ਰੈਗੂਲੇਸ਼ਨ 5 ਦੇ ਕਲਾਜ਼ (1) ਦੇ ਪਹਿਲੇ ਪ੍ਰਾਵਧਾਨ ਦੇ ਤਹਿਤ ਕਵਰ ਕੀਤੇ ਗਏ ਸਾਰੇ ਬਿਨੈਕਾਰਾਂ ਨੂੰ ਰੈਗੂਲੇਸ਼ਨ 13.4 ਦੀ ਵਿਵਸਥਾ ਦੇ ਅਨੁਸਾਰ PQ ਮੀਟਰ ਲਗਾਉਣ ਦੀ ਲੋੜ ਹੈ। ਹਾਲਾਂਕਿ, PQ ਰੈਗੂਲੇਸ਼ਨ 13.4 ਦੇ ਪ੍ਰਾਵਧਾਨ ਦੇ ਤਹਿਤ ਸ਼ਾਮਲ ਕੀਤੇ ਗਏ ਮਨੋਨੀਤ ਖਪਤਕਾਰਾਂ ਦੀ ਮੁਸ਼ਕਲ ਨੂੰ ਘੱਟ ਕਰਨ ਲਈ, ਜਿਨ੍ਹਾਂ ਨੂੰ PQ ਮੀਟਰ ਦੀ ਸਥਾਪਨਾ ਤੋਂ ਬਿਨਾਂ ਨਵੇਂ ਕੁਨੈਕਸ਼ਨ ਜਾਂ ਮੰਗ ਵਿੱਚ ਵਾਧਾ ਜਾਰੀ ਕੀਤਾ ਗਿਆ ਸੀ, ਅਜਿਹੇ ਖਪਤਕਾਰ ਇਸ ਆਰਡਰ ਦੇ ਜਾਰੀ ਹੋਣ ਦੀ ਮਿਤੀ ਤੋਂ 31.03.2025 ਤੱਕ ਕਿਰਾਏ ਦਾ ਭੁਗਤਾਨ ਕਰਕੇ PSPCL ਦੁਆਰਾ PQ ਮੀਟਰ ਸਥਾਪਤ ਕਰਨ ਲਈ ਆਪਣੇ ਵਿਕਲਪ ਜਮ੍ਹਾ ਕਰਵਾ ਸਕਦੇ ਹਨ। ਅਜਿਹੇ ਮਨੋਨੀਤ ਖਪਤਕਾਰ, ਰੈਗੂਲੇਸ਼ਨ 13.5 ਦੇ ਅਨੁਸਾਰ, ਨਵੇਂ ਕਨੈਕਸ਼ਨ/ ਮੰਗ ਵਿੱਚ ਵਾਧਾ ਜਾਰੀ ਕਰਨ ਦੀ ਮਿਤੀ ਤੋਂ ਅਤੇ ਵਿਕਲਪ ਦੀ ਪ੍ਰਾਪਤੀ ਜਾਂ PO ਮੀਟਰ ਦੀ ਸਥਾਪਨਾ ਦੀ ਮਿਤੀ ਤੱਕ ਭੁਗਤਾਨ ਕਰਨ ਲਈ ਜਵਾਬਦੇਹ ਹੋਣਗੇ। ਮਨੋਨੀਤ ਖਪਤਕਾਰਾਂ ਵੱਲੋਂ PQ ਰੈਗੂਲੇਸ਼ਨ 13.4 ਕਲਾਜ ਦੀ ਪਾਲਣਾ ਉਸ ਮਿਤੀ ਤੋਂ ਮੰਨੀ ਜਾਵੇਗੀ ਜਦੋਂ ਉਸ ਵੱਲੋ PSPCL ਨੂੰ PQ ਮੀਟਰ ਟੈਸ਼ਟਿੰਗ ਅਤੇ ਸਥਾਪਿਤ ਕਰਨ ਲਈ ਜਮ੍ਹਾ ਕਰਵਾਇਆ ਜਾਵੇਗਾ। ਹਾਲਾਂਕਿ, 01.04.2025 ਤੋਂ, PSPCL ਇਸ ਪ੍ਰਾਵਧਾਨ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਏਗਾ ਅਤੇ ਕਿਰਾਏ ਦੇ ਆਧਾਰ ਤੇ PQ ਮੀਟਰ ਲਗਾਉਣ ਦੇ ਵਿਕਲਪ ਦੀ ਸਹੂਲਤ 01.04.2025 ਤੋਂ ਬਾਅਦ ਨਵੇਂ ਕਨੈਕਸ਼ਨ ਜਾਂ ਮੰਗ ਵਿੱਚ ਵਾਧਾ ਮੰਗਣ ਵਾਲੇ ਮਨੋਨੀਤ ਖਪਤਕਾਰਾਂ ਨੂੰ ਉਪਲਬਧ ਨਹੀਂ ਹੋਵੇਗੀ।

6) ਮਨੋਨੀਤ ਖਪਤਕਾਰਾਂ ਲਈ ਰੈਗੂਲੇਸ਼ਨ 13.11 ਨੂੰ ਲਾਗੂ ਕਰਨ ਦੀ ਮਿਤੀ, ਪਟੀਸ਼ਨ ਨੰ: 49/2023 ਵਿੱਚ ਕਮਿਸ਼ਨ ਦੇ ਮਿਤੀ 06.12.2023 ਦੇ ਹੁਕਮ ਨੂੰ ਰੈਗੂਲੇਸ਼ਨ 13.10 ਦੇ ਨਾਲ ਪੜਦੇ ਹੋਏ, ਕਮਿਸ਼ਨ ਦੁਆਰਾ ਵੱਖਰੇ ਤੌਰ 'ਤੇ ਸੂਚਿਤ ਕੀਤਾ ਜਾਵੇਗਾ। ਉਪਰੋਕਤ ਫੈਸਲੇ, PQ ਰੈਗੂਲੇਸ਼ਨ ਦੇ ਉਪਬੰਧਾਂ ਵਿੱਚ ਢਿੱਲ ਦਿੰਦੇ ਹੋਏ, PSPCL ਅਤੇ ਮਨੋਨੀਤ ਖਪਤਕਾਰਾਂ ਨੂੰ ਪਾਵਰ ਕੁਆਲਿਟੀ ਨਿਯਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਅਤੇ ਸਾਰੀਆਂ ਪ੍ਰਣਾਲੀਆਂ ਨੂੰ ਨਿਰਵਿਘਨ ਲਾਗੂ ਕਰਨ ਲਈ ਹੋਰ ਸਮਾਂ ਦੇਣ ਲਈ ਕੇਵਲ ਇੱਕ ਅੰਤਰਿਮ ਉਪਾਅ ਵਜੋਂ ਲਿਆ ਗਿਆ ਹੈ।

ਕਮਿਸ਼ਨ ਦੁਆਰਾ ਪਟੀਸ਼ਨ ਨੰਬਰ 46/2024 ਵਿੱਚ ਮਿਤੀ 04.03.2025 ਦੇ ਆਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ, ਮਨੋਨੀਤ ਖਪਤਕਾਰ ਆਦੇਸ਼ ਅਨੁਸਾਰ ਨਿਰਧਾਰਤ ਸਮੇਂ ਦੇ ਅੰਦਰ ਵਿਕਲਪ ਜਮ੍ਹਾਂ ਕਰਾਉਣ ਜਾਂ PQ ਮੀਟਰ ਲਗਾਉਣ ਦਾ ਮੌਕਾ ਪ੍ਰਾਪਤ ਕਰ ਸਕਦੇ ਹਨ।

ਉੱਪ ਮੁੱਖ ਇੰਜੀਨੀਅਰ/ਰੈਗੂਲੇਸ਼ਨ
ਪੀ.ਐਸ.ਪੀ.ਸੀ.ਐਲ., ਪਟਿਆਲਾ

C-169/25 42411

ਪ੍ਰੈਸ ਨੋਟਿਸ

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮ., ਹੁਸ਼ਿਆਰਪੁਰ

ਵੈਬਸਾਈਟ : http://eproc.punjab.gov.in

ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ

ਈ-ਟੈਂਡਰ ਨੋਟਿਸ ਨੰ. :- 11-20/2025/PWRMDC/TCD/LF/HSP ਮਿਤੀ : 10.03.2025

ਜ਼ਿਲ੍ਹਾ ਹੁਸ਼ਿਆਰਪੁਰ ਦੇ ਦਸੂਹਾ ਬਲਾਕ ਵਿਚ 10 ਖੋਖਲੇ ਟਿਊਬਵੈਲ ਕੰਮਾਂ ਦੀ ਪੀਵੀਸੀ ਭੂਮੀਦੋਜ਼ ਪਾਈਪਲਾਈਨ ਵਿਛਾਉਣ ਲਈ ਐਗਰੀਮੈਂਟ ਆਧਾਰ 'ਤੇ ਈ ਟੈਂਡਰ ਨੋਟਿਸ ਦਿੱਤਾ ਜਾਂਦਾ ਹੈ। (ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਨੇੜੇ ਦਰਿਆ ਕੰਢੇ ਖੋਖਲੇ ਟਿਊਬਵੈਲਾਂ ਦੀ ਇੰਸਟਾਲੇਸ਼ਨ ਲਈ ਪ੍ਰੋਜੈਕਟ ਅਧੀਨ) ਵੇਰਵੇ ਹੇਠ ਲਿਖੇ ਅਨੁਸਾਰ ਹਨ :-

ਬੋਲੀ ਪ੍ਰਕਿਰਿਆ ਦੀਆਂ ਜ਼ਰੂਰੀ ਮਿਤੀਆਂ :-

ਟੈਂਡਰ ਵਿਕਰੀ ਸ਼ੁਰੂ ਹੋਣਾ	:10.03.2025 (17.00 ਵਜੇ)
ਟੈਂਡਰ ਵਿਕਰੀ ਬੰਦ ਹੋਣਾ	:20.03.2025 (12.00 ਵਜੇ)
ਦਸਤਾਵੇਜ਼ਾਂ ਦੀ ਜਾਂਚ ਲਈ ਟੈਕਨੀਕਲ ਬੋਲੀ ਖੋਲ੍ਹਣਾ	:20.03.2025 (15.00 ਵਜੇ)
ਵਿੱਤੀ ਬੋਲੀ ਖੋਲ੍ਹਣਾ	: ਤਕਨੀਕੀ ਬੋਲੀ ਦੇ ਮੁੱਲਾਂਕਣ ਤੋਂ ਬਾਅਦ ਦੱਸਿਆ ਜਾਵੇਗਾ

ਸੋਧ ਜੇ ਕੋਈ ਹੋਵੇਗੀ ਵੈਬਸਾਈਟ https://eproc.punjab.gov.in 'ਤੇ ਦੇਖੀ ਜਾ ਸਕਦੀ ਹੈ।

ਡਵੀਜ਼ਨਲ ਇੰਜੀਨੀਅਰ,
ਟਿਊਬਵੈਲ ਉਸਾਰੀ ਡਵੀਜ਼ਨ ਐਲ/ਐਫ
ਪੀਡਬਲਿਊਆਰਐਮ ਅਤੇ ਡੀਸੀ, ਹੁਸ਼ਿਆਰਪੁਰ

42382

ਪੰਜਾਬ ਸਰਕਾਰ

ਈ-ਟੈਂਡਰ ਨੋਟਿਸ ਨੰ. 101-107 ਮਿਤੀ : 08.03.2025

ਡਵੀਜ਼ਨਲ ਇੰਜੀਨੀਅਰ, ਟਿਊਬਵੈਲ ਡਵੀਜ਼ਨ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮ. ਪਠਾਨਕੋਟ ਹੇਠ ਲਿਖਿਆਂ ਆਨਲਾਈਨ ਬੋਲੀਆਂ ਮੰਗਦਾ ਹੈ।

ਕੰਮ ਦਾ ਨਾਮ : ਜ਼ਿਲ੍ਹਾ ਪਠਾਨਕੋਟ ਅਤੇ ਗੁਰਦਾਸਪੁਰ ਵਿਚ ਪਿੰਡ ਭੈਣੀ ਪਸਵਾਲ, ਡੱਲਾ, ਘਣੀਕੇ ਬੇਟ, ਗੋਨੇਵਾਲ, ਘੋਲਾ ਢੋਲਾ, ਗੁਨੀਆ, ਗੁਰਚੱਕ, ਜਾਗੋਵਾਲ ਬੇਟ, ਮਨਸੂਰ, ਨਡਾਲਾ, ਪੂਰਾਣਾ ਵੱਲਾ, ਰਸੂਲਪੁਰ, ਰੱਤੜ ਛਾਤੜ, ਟਾਂਡਾ, ਠਠਰਕੇ, ਹਾਜ਼ੀਪੁਰ ਅਤੇ ਰਾਮਪੁਰ ਤਲਵਾੜਾ ਵਿਖੇ ਖੋਖਲੇ/ਘੱਟ ਡੂੰਘੇ ਟਿਊਬਵੈਲਾਂ ਦੀ ਭੂਮੀਦੋਜ ਪੀਵੀਸੀ ਪਾਈਪ ਲਾਈਨ ਵਿਛਾਉਣਾ

ਬੰਦ ਹੋਣ ਦੀ ਮਿਤੀ ਤੇ ਸਮਾਂ : 10-03-2025 **ਸ਼ਾਮ 09.00 ਵਜੇ**

ਖੋਲ੍ਹਣ ਦੀ ਮਿਤੀ ਤੇ ਸਮਾਂ : 20-03-2025 **ਦੁਪਹਿਰ 10.00 ਵਜੇ**

ਸਾਰੀਆਂ ਟੈਂਡਰਿੰਗ ਪ੍ਰਕਿਰਿਆਵਾਂ ਵੈਬਸਾਈਟ https://eproc.punjab.gov.in ਰਾਹੀਂ ਆਨਲਾਈਨ ਕੀਤੀਆਂ ਜਾਣਗੀਆਂ।

ਸੋਧ ਜੇਕਰ ਕੋਈ ਹੋਈ ਤਾਂ ਵੈਬਸਾਈਟ https://eproc.punjab.gov.in 'ਤੇ ਦੇਖੀ ਜਾ ਸਕਦੀ ਹੈ।

ਡਵੀਜ਼ਨ ਇੰਜੀਨੀਅਰ
ਟਿਊਬਵੈਲ ਡਵੀਜ਼ਲ
PWRM&DC Ltd. ਪਠਾਨਕੋਟ

42379

Form No 55
Criminal Courts Jalandhar
In the Court of Ms Renuka Kalra
Judicial Magistrate 1st Class-18
Jalandhar

Next date purpose of case, Orders and Judgements as well as other case information is available on http://ecourts.gov.in

Case No **Nact/3307/2023**
Navyug Hire Purchase Vs
Jagmohan Singh
Police Station No Division //
Next Date : 28-04-2025

Proclamation Requiring the Appearance of a person Accused
Detail of Offence
Notce to
Jagmohan Singh
Father: Dhajan Singh
R/o Village Phulrakha PO Mullamwal Tehsil and Distt. Gurdaspur

Whereas complaint/case has been made before me that **Jagmohan Singh Father: Dhajan Singh R/o Village Phulrakha PO Mullamwal Tehsil and Distt. Gurdaspur** has committed (or suspected to have committed) the offence punishable under section of Negotiable Instruments Act and it has been returned to warrant of arrest thereupon issued that the said **Jagmohan Singh** cannot be found and whereas it has been shown to my satisfaction that the said **Jagmohan Singh** has absconded (or is concealing himself to avoid the service of the said warrant). Proclamation is hereby made that the said **Jagmohan Singh** is required to appear before this court (or before me) to answer the said complaint on 28-04-2025

Dated, this day of 08-03-2025

Judicial Magistrate 1st Class-18
Jalandhar

ਮਿਊਂਸਪਲ ਕੌਂਸਿਲ ਮੋਰਿੰਡਾ ਵਿਚ ਵੱਖ ਵੱਖ ਸਪਲਾਈ/ਵਿਕਾਸ ਦੇ ਕੰਮਾਂ ਲਈ ਟੈਂਡਰ ਸੂਚਨਾ

ਪੰਜਾਬ ਸਰਕਾਰ

ਟੈਂਡਰ/ਆਰਐਫਪੀ ਰੈਫ਼ਰੈਂਸ ਨੰ. 2030

ਸਥਾਨਕ ਸਰਕਾਰ ਵਿਭਾਗ (ਮਿਊਂਸਪਲ ਕੌਂਸਿਲ ਮੋਰਿੰਡਾ) ਵੱਖ ਵੱਖ ਵਿਕਾਸ ਦੇ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ।

ਬੰਦ ਹੋਣ ਦੀ ਮਿਤੀ ਤੇ ਸਮਾਂ : 27.03.2025 ਨੂੰ ਸ਼ਾਮ 5.00 ਵਜੇ

ਹੋਰ ਵੇਰਵਿਆਂ ਲਈ ਲਾਗਆਨ ਕਰੋ : eproc.punjab.gov.in

ਨੋਟ : ਟੈਂਡਰ/ਆਰਐਫ਼ਪੀ ਨੋਟਿਸ ਦੀ ਸੋਧ ਜੇ ਕੋਈ ਹੋਵੇਗੀ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਪ੍ਰਧਾਨ, ਮਿਊਂਸਪਲ ਕੌਂਸਿਲ ਮੋਰਿੰਡਾ — 42396 — ਕਾਰਜਕਾਰੀ ਅਧਿਕਾਰੀ ਮਿਊਂਸਪਲ ਕੌਂਸਿਲ ਮੋਰਿੰਡਾ

ਪੰਜਾਬ ਸਰਕਾਰ

ਕੰਮ ਲਈ ਟੈਂਡਰ/ਆਰਐਫ਼ਪੀ

ਟੈਂਡਰ ਨੋਟਿਸ ਰੈਫ਼ਰੈਂਸ ਨੰ. MCJ/OM/2024-25/23 and 221/CE/WS/G ਮਿਤੀ : 10.03.2025

ਵਿਭਾਗ ਮਿਊਂਸਪਲ ਕਾਰਪੋਰੇਸ਼ਨ ਜਲੰਧਰ,
: ਜਲ ਸਪਲਾਈ ਅਤੇ ਸੀਵਰੇਜ ਕੰਮਾਂ ਲਈ ਓ ਅਤੇ ਐਮ ਬਰਾਂਚ ਨਾਲ ਸਬੰਧਤ 07 ਕੰਮਾਂ ਲਈ ਆਨਲਾਈਨ ਬੋਲੀਆ ਮੰਗਦਾ ਹੈ
(ਕੰਮ ਦੇ ਵੇਰਵੇ ਵੈਬਸਾਈਟ ਵਿਚ ਦਰਸਾਏ ਜਾਣਗੇ)

ਬੰਦ ਹੋਣ ਦੀ ਮਿਤੀ ਅਤੇ ਸਮਾਂ
ਟੈਂਡਰ ਦੀ ਉਪਲਬਧਤਾ : (ਲੜੀ ਨੰ. 1-7) (ਦੂਜੀ ਵਾਰ) : 13.03.2025, ਸ਼ਾਮ 14.00 ਵਜੇ
ਟੈਂਡਰ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ (ਲੜੀ ਨੰ. 1-7) : 20.03.2025, 14.00 ਵਜੇ

ਵੇਰਵਿਆਂ ਲਈ ਲਾਗਇਨ ਕਰੋ : eproc.punjab.gov.in

ਨੋਟ : ਟੈਂਡਰ/ਆਰਐਫ਼ਪੀ ਦੀ ਕੋਈ ਸੋਧ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਸਰਕਾਰ ਪੱਤਰ ਰੈਫ਼ਰ ਨੰ. JDDLG/PRU/DLG/2021/1018-23 Dt. 13.05.2021 ਅਨੁਸਾਰ

ਕਾਰਪੋਰੇਸ਼ਨ ਇੰਜੀਨੀਅਰ
ਮਿਊਂਸਪਲ ਕਾਰਪੋਰੇਸ਼ਨ, ਜਲੰਧਰ

42399

ਤਾਰ : ਕਿਸਾਨ ਬੈਂਕ ਫੋਨ : 01632-242969

ਦੀ ਫਿਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਫਿਰੋਜ਼ਪੁਰ

ਨੋਟਿਸ ਆਮ ਇਜਲਾਸ

ਬੈਂਕ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਫਿਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਫਿਰੋਜ਼ਪੁਰ ਦਾ ਆਮ ਇਜਲਾਸ ਮਿਤੀ 26-03-2025 ਨੂੰ ਦਿਨ ਬੁੱਧਵਾਰ ਸਵੇਰੇ 11:00 ਵਜੇ ਬੈਂਕ ਦੀ ਇਮਾਰਤ ਵਿਖੇ ਹੋਵੇਗਾ। ਇਸ ਲਈ ਸਮੂਹ ਏ ਕਲਾਸ ਮੈਂਬਰਾ ਨੂੰ ਸਮੇਂ ਸਿਰ ਆਮ ਇਜਲਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਏਜੰਡਾ ਹੇਠ ਲਿਖੇ ਅਨੁਸਾਰ ਹੈ :-

1. ਪਿਛਲੀ ਜਰਨਲ ਬਾਡੀ ਦੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਤੇ ਵਿਚਾਰ।
2. ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜੀ ਵੱਲੋਂ ਸਮੇਂ ਸਮੇਂ ਬਾਈਲਾਜ ਵਿੱਚ ਕੀਤੀਆਂ ਤਰਮੀਮਾਂ ਅਤੇ ਪਾਲਸਿਆਂ ਨੂੰ ਲਾਗੂ ਕਰਨ ਤੇ ਵਿਚਾਰ।
3. ਬੈਂਕ ਦੀ 31.03.2024 ਦੀ ਬੈਲੇਂਸ ਸ਼ੀਟ, ਲਾਭ ਹਾਨੀ, ਇੰਸਪੈਕਸ਼ਨ ਨੋਟ, ਆਡਿਟ ਨੋਟ 'ਆਦਿ ਦੀ ਪਾਲਣਾ ਕਰਨ ਤੇ ਵਿਚਾਰ।
4. ਸਾਲ 2023-24 ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤੇ ਗਏ ਮਤਿਆ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ ਤੇ ਵਿਚਾਰ ।
5. ਸਾਲ 2023-24 ਦੌਰਾਨ ਹੋਏ ਖਰਚੇ ਅਤੇ ਹੋਰ ਬੈਂਕ ਦੇ ਕਾਰੋਬਾਰ ਲਈ ਕੀਤੇ ਗਏ ਖਰਚੇ ਦੀ ਪ੍ਰਵਾਨਗੀ ਦੇਣ ਤੇ ਵਿਚਾਰ ।
6. ਬੈਂਕ ਦੇ ਆਮ ਇਜਲਾਸ ਤੇ ਹੋਏ ਖਰਚਿਆ ਦੀ ਪ੍ਰਵਾਨਗੀ ਦੇਣ ਤੇ ਵਿਚਾਰ।

ਨੋਟ:- ਬੈਂਕ ਦੇ ਸੰਬਧਤ ਚਿੱਠਾ ਲੇਖੇ ਜੋਖੇ ਸਬੰਧੀ ਜਾਣਕਾਰੀ ਲਿਖਤੀ

ਮੈਨੇਜਰ,
ਪੀ.ਏ.ਡੀ.ਬੀ. ਫਿਰੋਜ਼ਪੁਰ।

THE BATALA COOP.SUGAR MILLS LTD; BATALA.

Phone No. 01871-240017, 6284984675,7973179057
Website: WWW.smbatala.com
E-Mail : batalacsm@rediffmail.corn

SHORT TERMS TENDER NOTTCE

Sealed offline tenders are invited from Original manufacturers/Authorised distributors/Stockists/ dealers/ Contractors and reputed firms duly approved by Sugarfed, Punjab Mohali and NFCSF New Delhi, for purchase of Mill Machinery parts & other store material and various type of Technical jobs for Manufacturing Deptt. & Engineering Deptt. Contract jobs for civil work and other various type of Contract jobs.

TERMS AND CONDTIONS : Details of tender notice can be downloaded from our Website www.smbatala.com orNITs may be collected from mills office on any working day. Interested parties/ Contractor . Submit sealed tender on prescribed NITs for Purchase & Contract jobs on 18.03.2025 upto 11.30 AM. Tender will be opened on same day at 12.30 PM and negotiation, if required, will be held on same day at 2.00 PM on wards with the lowest tenderer.The General Manager reserve the right to reject/cance/postpone any or all tenders without assigning any reason.Corrigendum/Changes, if any will be issued the websites only.

GENERAL MANAGER.

pnb Housing Finance Limited Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫ਼ਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਚੰਡੀਗੜ੍ਹ ਬਰਾਂਚ : ਐਸਸੀਓ 323-324, ਦੂਜੀ ਮੰਜ਼ਿਲ, ਸੈਕਟਰ 35ਬੀ, ਚੰਡੀਗੜ੍ਹ-160022, ਇੱਥੇ ਵੀ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮ. ਦੂਜੀ ਮੰਜ਼ਿਲ, ਐਸਸੀਓ 9 ਅਤੇ 10, ਸੈਕਟਰ 66ਏ, ਜੇਐਲਪੀਐਲ, ਮੋਹਾਲੀ, ਜਲੰਧਰ-140306, ਜਲੰਧਰ ਬਰਾਂਚ : ਐਸਸੀਓ 44, ਪਹਿਲੀ ਮੰਜ਼ਿਲ, ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ, ਲੁਧਿਆਣਾ ਬਰਾਂਚ : ਪੀਐਨਬੀ BXIX/1, 262/1, ਬੰਦੀ ਇਲੈਕਟ੍ਰੋਨਿਕਸ, ਪਹਿਲੀ ਮੰਜ਼ਿਲ, ਡਾ. ਸ਼ਾਮ ਸਿੰਘ ਰੋਡ, ਫਿਰੋਜ਼ਪੁਰ ਰੋਡ, ਸਾਹਮਣੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ 141001

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰ(ਾਂ) ਅਤੇ ਗਰੰਟਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿੱਤੇ ਗਏ ਕਰਜ਼ਦਾਰ(ਾਂ)/ਗਿਰਵੀਕਾਰ(ਾਂ) (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼(ਾਂ), ਪ੍ਰਸ਼ਾਸਕ(ਾਂ), ਲਾਭਪਾਤਰੀ(ਾਂ), ਅਸਾਈਨੀ(ਾਂ) ਸੱਦ ਗਏ ਹਨ।

ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਭੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/CHD/0119/637290, ਬਰਾਂਚ ਦਫ਼ਤਰ : ਚੰਡੀਗੜ੍ਹ, ਸੰਜੀਵ ਕੁਮਾਰ/ਸ਼੍ਰੀਮਤੀ ਰਾਧਾ ਦੇਵੀ ਪਤਨੀ ਸ੍ਰੀ ਸੰਜੀਵ ਕੁਮਾਰ	ਰੁ. 2144,16.66/- 05-07-2021 ਨੂੰ	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਨੰ. ਫਲੈਟ ਨੰ. 102-ਏ, ਪਹਿਲੀ ਮੰਜ਼ਿਲ (ਕਵਰਡ ਰਕਬਾ 401 ਵ. ਫੁੱਟ) ਪਿੰਡ ਸਿਘਪੁਰਾ, ਨਾਂਗਲਾ ਰੋਡ, ਜ਼ੀਰਕਪੁਰ, ਐਮ.ਸੀ. ਅਤੇ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਮੋਹਾਲੀ, ਪੰਜਾਬ 140603 ਜੋ ਸ਼ਾਮਲ ਹੈ ਵਿਚ ਖਸਰਾ ਨੰ.1056/901/799/44(0-10) ਕਿੱਤਾ 1, ਖੇਵਟ ਖਤੌਨੀ ਨੰ. 223/280 ਵਿੱਚੋਂ ਜਿਹੜਾ ਕਿ ਫਲੋਰ ਹਿੱਸਾ 0 ਬਿੱਘਾ 0 ਬਿਸਵਾ 8 1/3 ਬਿਸਵਾਸੀ (20.83 ਵ. ਗਜ਼) ਹੱਦਬਸਤ ਨੰ. 43, ਸੇਲ ਡੀਡ ਮਿਤੀ 03 ਅਪ੍ਰੈਲ 2019 ਨੂੰ ਜਿਸ ਦਾ ਦਸਤਾਵੇਜ਼ ਨੰ. 2019-20/13/1/111	ਰੁ: 1202000	ਰੁ: 120200	26/03/2025	ਰੁ: 10000	17.03.2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30 ਵਜੇ	27.03.2025 ਨੂੰ ਬਾ.ਦੁ. 2.00 ਵਜੇ ਤੋਂ ਬਾ.ਦੁ. 03.00 ਵਜੇ	ਪਤਾ ਨਹੀਂ
HOU/JAL/0219/645409, ਬਰਾਂਚ ਦਫ਼ਤਰ : ਜਲੰਧਰ ਸਲਾਮਤ ਮਸੀਹ/ਸ਼੍ਰੀਮਤੀ ਨੀਲਮ ਪਤਨੀ ਸਲਾਮਤ ਮਸੀਹ	ਰੁ. 2222204.67/- 16-08-2023 ਨੂੰ	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ : ਮਕਾਨ ਨੰ. 15, ਗਲੀ ਨੰ. 2, ਅਬਾਦੀ ਨਿਊ ਗੁਰੂ ਨਾਨਕ ਨਗਰ, ਪਿੰਡ ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਜੋ ਸ਼ਾਮਲ ਹੈ ਵਿਚ ਹੱਦਬਸਤ ਨੰ. 158, ਖੇਤਾ ਨੰ. 143/201 ਤੋਂ 205, 144/206 ਤੋਂ 209, ਖਸਰਾ ਨੰ 753/560/1, 764/560/2ਮਿਨ, 785/560/2, 765/569, 764/560/2ਮਿਨ, 942/569, 776/560/2, 766/570 ਮਿਨ, 941/570, 943/570, 786/569, 787/570, 766/570, ਜਮਾਂਬੰਦੀ ਸਾਲ 2012-13 ਲਈ, ਮਿਣਤੀ 02 ਮਰਲੇ 84 ਵ. ਫੁੱਟ (984 ਵ ਫੁੱਟ) 15'-4"x32'-6" (ਮਰਲਾ ਮਿਣਤੀ 207 ਵ.ਫੁੱਟ) ਦਸਤਾਵੇਜ਼ ਨੰ. 2018-19/187/1/5253 ਮਿਤੀ 27.02.2019 ਨੂੰ, ਹੱਦਾਂ : ਪੂਰਬ: ਤਾਰਾ ਸਿੰਘ, ਪੱਛਮ : ਗਲੀ, ਉੱਤਰ : ਪਲਾਟ ਨੰ. 14 ਦਾ ਰਹਿੰਦਾ ਹਿੱਸਾ, ਦੱਖਣ : ਮਕਾਨ ਨੰ. 16	ਰੁ: 772000	ਰੁ: 77200	26/03/2025	ਰੁ: 10000	17.03.2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30 ਵਜੇ	27.03.2025 ਨੂੰ ਬਾ.ਦੁ. 2.00 ਵਜੇ ਤੋਂ ਬਾ.ਦੁ. 03.00 ਵਜੇ	ਪਤਾ ਨਹੀਂ
HOU/LUD/0620/799425, ਬਰਾਂਚ ਦਫ਼ਤਰ : ਲੁਧਿਆਣਾ ਸ੍ਰੀ ਰਣਧੀਰ ਸਿੰਘ ਸ੍ਰੀਮਤੀ ਹਰਮਿੰਦਰ ਕੌਰ	ਰੁ. 27,32,336.06 ਮਿਤੀ 28-07-2023 ਨੂੰ	ਭੌਤਿਕ ਕਬਜ਼ਾ	ਮਕਾਨ ਨੰ. 6393/3, ਗਲੀ ਨੰ 1/4, ਨਿਊ ਜਨਤਾ ਨਗਰ, ਲੁਧਿਆਣਾ, 141001 ਟਾਈਟਲ ਡੀਡ ਅਨੁਸਾਰ ਮਕਾਨ ਨੰ. ਬੀ-21-6393/3, ਰਕਬਾ 100 ਵ. ਗਜ਼, ਵਾਕਿਆ ਮੁਹੱਲਾ ਗਲੀ ਨੰ. 2, ਅਬਾਦੀ ਨਿਊ ਜਨਤਾ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਜੋ ਸ਼ਾਮਲ ਹੈ ਵਿਚ ਖਸਰਾ ਨੰ. 7664/634, ਖਾਤਾ ਨੰ 1791/2410 ਜਮਾਂਬੰਦੀ ਸਾਲ 2010-2011 ਲਈ ਰਣਧੀਰ ਸਿੰਘ ਪੁੱਤਰ ਇੰਦਰਜੀਤ ਸਿੰਘ ਦੇ ਨਾਂ 'ਤੇ ਦਸਤਾਵੇਜ਼ ਨੰ. 2020-21/103/1/2888 ਤਹਿਤ ਮਿਤੀ 04.09.2020 ਨੂੰ ਰਜਿਸਟਰਡ ਹੈ ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ, ਲੁਧਿਆਣਾ ਦੱਖਣ ਵਿਖੇ, ਹੱਦਾਂ : ਹੋਰ ਮਾਲਕ ਸਾਈਡ 20 ਫੁੱਟ, ਪੱਛਮ : ਗਲੀ 18 ਫੁੱਟ ਚੌੜੀ ਸਾਈਡ 20 ਫੁੱਟ, ਉੱਤਰ : ਮੁਕੇਸ਼ ਸਾਈਡ 45 ਫੁੱਟ, ਦੱਖਣ : ਰਜਿੰਦਰ ਸਿੰਘ ਸਾਈਡ 45 ਫੁੱਟ	ਰੁ: 1941000	ਰੁ: 194100	26/03/2025	ਰੁ: 10000	17.03.2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 5.30 ਵਜੇ	27.03.2025 ਨੂੰ ਬਾ.ਦੁ. 2.00 ਵਜੇ ਤੋਂ ਬਾ.ਦੁ. 03.00 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫ਼ਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛਕ ਬੋਲੀਕਾਰ/ਖਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੀ ਸੁਤੰਤਰ ਬਾਰੇ ਪੂਰੀ ਤਸੱਲੀ ਕਰ ਲੈਣ।
1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੋ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮ੍ਹਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਹੋਣ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਲੀ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾ ਰਕਮ, ਜੇਕਰ ਜਮ੍ਹਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮ੍ਹਾਂ ਕਰਾਉਣਾ ਹੋਵੇਗਾ। ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿੱਛੋਂ ਸਕਿਓਰਡ ਕ੍ਰੈਡੀਟਰ ਵੱਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਓਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਤਰਸੇਮ ਕੁਮਾਰ, ਅਸ਼ੀਸ਼ ਕੁਮਾਰ ਸ਼ਰਮਾ, ਕਿਸ਼ੋਰ ਕੁਮਾਰ, ਨਾਲ ਟੋਲ ਫ੍ਰੀ ਨੰਬਰ : 1800 120 8800, auction@pnbhousing.com, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਪੰਜਾਬ, ਮਿਤੀ : 11.03.2025 — ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ

Rajinder Singh, Publisher & Printer: printed at Jagjit Publishing Company Private Limited, D-12, Industrial Area, Phase-1, Mohali and Published from 2512, Sector, 35-C, Chandigarh. Bhola Singh Preet Dy. News Editor (Responsible for selection of News Under PRB Act) email : spokesmanphoto@gmail.com Phone (Mohali) : +91-172-3047671-73 Fax: +91-172-3047676/85/86/87 Chd.Office : 5083424, 2542033 Fax : +91-172-2542488. RNI NO. CHA PUN/2005/15875. WPP Postal Regd. No. CHD/108/09-11.